# ਇਕੱਠੇ ਮਿਲ ਕੇ ਗੱਲ ਕਰੋ

I CAN helps children communicate
REGISTERED CHARITY 210031

Supported by openreach
a BT Group business

## ਬੇਬੀਜ਼ ਅਤੇ ਛੋਟੇ ਬੱਚਿਆਂ ਦੀ ਗੱਲ ਕਰਨ ਦੇ ਹੁਨਰ ਸਿੱਖਣ ਵਿੱਚ ਮਦਦ ਕਰਨੀ



# ਬੋਲਣਾ ਸਿੱਖਣਾ

**ਗੱਲ ਕਰਨੀ, ਦੂਜਿਆਂ ਨੂੰ ਸਮਝਣਾ ਅਤੇ ਇਹ ਜਾਣਨਾ ਕਿ ਕੀ ਕਹਿਣਾ ਹੈ ਸੱਚਮੁਚ ਜ਼ਰੂਰੀ ਹੁਨਰ ਹਨ। ਇਹਨਾਂ ਨਾਲ ਬੱਚਿਆਂ ਨੂੰ ਦੋਸਤ ਬਣਾਉਣ, ਸਿੱਖਣ ਅਤੇ ਜ਼ਿੰਦਗੀ ਦਾ ਪੂਰਾ ਆਨੰਦ ਮਾਣਨ ਵਿੱਚ ਮਦਦ ਮਿਲਦੀ ਹੈ।**

ਬਾ-ਬਾ ਕਰਦੇ ਬੇਬੀ ਤੋਂ ਗਾਲੜ੍ਹੀ ਛੋਟੇ ਬੱਚੇ ਦੇ ਵਿੱਚ ਬਦਲਣਾ ਇੱਕ ਚਮਤਕਾਰ ਲੱਗਦਾ ਹੈ, ਪਰ ਇਹ ਕਰਨ ਵਿੱਚ ਤੁਹਾਡੇ ਬੱਚੇ ਨੂੰ ਤੁਹਾਡੀ ਲੋੜ ਹੁੰਦੀ ਹੈ। ਇਸ ਕਿਤਾਬਚੇ ਵਿੱਚ ਜਾਣਕਾਰੀ ਅਤੇ ਸੁਝਾਅ ਮਦਦ ਕਰਨਗੇ। ਆਪਣੇ ਬੱਚੇ ਨੂੰ ਸਭ ਤੋਂ ਵਧੀਆ ਸ਼ੁਰੂਆਤ ਦੇਣ ਲਈ ਆਪਣੇ ਘਰ ਦੀ ਭਾਸ਼ਾ ਵਿੱਚ ਬੋਲਣਾ ਜ਼ਰੂਰੀ ਹੈ।

### ਬੇਬੀਜ਼

ਬੇਬੀਜ਼ ਜਨਮ ਤੋਂ ਹੀ ਸਾਡੇ ਨਾਲ ਗੱਲ ਕਰਦੇ ਹਨ। ਉਹਨਾਂ ਦਾ ਰੋਣਾ ਸਾਨੂੰ ਦੱਸਦਾ ਹੈ ਕਿ ਕੀ ਉਹਨਾਂ ਨੂੰ ਭੁੱਖ ਲੱਗੀ ਹੈ ਜਾਂ ਕੋਈ ਤਕਲੀਫ਼ ਹੈ। ਜਦੋਂ ਅਸੀਂ ਗੱਲ ਕਰ ਰਹੇ ਹੁੰਦੇ ਹਾਂ ਤਾਂ ਉਹ ਮੁਸਕਰਾਉਂਦੇ ਹਨ ਅਤੇ ਸਾਡੇ ਨਾਲ ਗੱਲ ਕਰਦੇ ਹਨ। ਜਿਵੇਂ-ਜਿਵੇਂ ਅਸੀਂ ਉਹਨਾਂ ਨਾਲ ਗੱਲ ਕਰਦੇ ਹਾਂ, ਉਹ ਸਾਡੇ ਦੁਆਰਾ ਬੋਲੇ ਗਏ ਸਧਾਰਨ ਸ਼ਬਦ ਸਮਝਣਾ ਸ਼ੁਰੂ ਕਰ ਦਿੰਦੇ ਹਨ।

ਬੇਬੀਜ਼ 'ਬਾ-ਬਾ' ਕਰ ਕੇ ਆਵਾਜ਼ਾਂ ਦੇ ਨਾਲ ਖੇਡਣਾ ਪਸੰਦ ਕਰਦੇ ਹਨ। ਉਹਨਾਂ ਦੇ ਪਹਿਲੇ ਸ਼ਬਦ 12–18 ਮਹੀਨਿਆਂ ਤੇ ਪ੍ਰਕਟ ਹੁੰਦੇ ਹਨ। ਹੋ ਸਕਦਾ ਹੈ ਕਿ ਉਹ ਵੱਡਿਆਂ ਦੇ ਸ਼ਬਦਾਂ ਵਰਗੇ ਸੁਣਾਈ ਨਾ ਦੇਣ, ਪਰ ਜਿਵੇਂ-ਜਿਵੇਂ ਤੁਸੀਂ ਸੁਣਦੇ ਹੋ ਤੁਹਾਨੂੰ ਪਤਾ ਲਗਣਾ ਸ਼ੁਰੂ ਹੋ ਜਾਵੇਗਾ ਕਿ ਉਹ ਕੀ ਕਹਿਣਾ ਚਾਹੁੰਦੇ ਹਨ।

### ਛੋਟੇ ਬੱਚੇ

ਜਿਵੇਂ-ਜਿਵੇਂ ਛੋਟੇ ਬੱਚੇ ਵੱਡੇ ਹੁੰਦੇ ਹਨ, ਉਸਦੇ ਨਾਲ ਹੀ ਉਹਨਾਂ ਦੁਆਰਾ ਸਮਝੇ ਅਤੇ ਵਰਤੇ ਜਾਣ ਵਾਲੇ ਸ਼ਬਦਾਂ ਦੀ ਗਿਣਤੀ ਵੀ ਵਧਦੀ ਜਾਂਦੀ ਹੈ। ਸ਼ਬਦਾਂ ਨੂੰ ਸਮਝਣਾ ਪਹਿਲਾਂ ਵਾਪਰਦਾ ਹੈ, ਅਤੇ ਇਹਨਾਂ ਸ਼ਬਦਾਂ ਨੂੰ ਵਰਤਣਾ ਬਾਅਦ ਵਿੱਚ ਹੁੰਦਾ ਹੈ।

ਆਪਣੇ ਪਹਿਲੇ ਸ਼ਬਦ ਦੇ ਬਾਅਦ, ਛੋਟੇ ਬੱਚੇ ਲਗਭਗ 100 ਤਕ ਸ਼ਬਦ ਸਿੱਖ ਲੈਂਦੇ ਹਨ ਜਿਨ੍ਹਾਂ ਨੂੰ ਉਹ ਇੱਕ ਵਾਰ ਵਿੱਚ ਇੱਕ ਕਰਕੇ ਬੋਲਦੇ ਹਨ। ਉਸ ਤੋਂ ਬਾਅਦ, ਉਹ ਤੁਹਾਨੂੰ ਸੁਣਦੇ ਹਨ ਅਤੇ ਸਿੱਖਦੇ ਹਨ ਕਿ ਸ਼ਬਦਾਂ ਨੂੰ ਜੋੜਿਆ ਕਿਵੇਂ ਜਾਂਦਾ ਹੈ। ਉਹ ਛੋਟੇ-ਛੋਟੇ ਵਾਕਾਂ ਵਿੱਚ ਦੋ ਸ਼ਬਦਾਂ ਨੂੰ ਜੋੜਨਾ ਸਿੱਖਦੇ ਹਨ। ਬਾਅਦ ਵਿੱਚ ਉਹ ਵੱਡੇ ਵਾਕ ਵਰਤ ਸਕਦੇ ਹਨ।

ਤਿੰਨ ਸਾਲ ਦੇ ਹੋਣ ਤਕ, ਬੱਚੇ ਸਥਿਤੀ ਨਾਲ ਸੰਬਧਤ ਸ਼ਬਦ, ਜਿਵੇਂ ਕਿ **ਹੇਠਾਂ** ਅਤੇ **ਨੇੜੇ** ਅਤੇ ਪ੍ਰਸ਼ਨ ਜਿਵੇਂ **ਕਿੱਥੇ?** ਜਾਂ **ਕੀ?** ਸਮਝ ਸਕਦੇ ਹਨ।

## ਛੋਟੇ ਬੱਚੇ

ਚਾਰ ਸਾਲ ਦੇ ਬੱਚੇ ਵੱਡੇ ਸ਼ਬਦ ਸਮਝਣਾ ਸ਼ੁਰੂ ਕਰ ਦਿੰਦੇ ਹਨ। ਉਹ ਬਹੁਤ ਸਾਰੇ ਨਵੇਂ ਸ਼ਬਦ ਸਿੱਖਣਗੇ ਅਤੇ ਵਰਤਣਗੇ ਅਤੇ ਇਸ ਬਾਰੇ ਗੱਲ ਕਰਨਗੇ ਕਿ ਉਹਨਾਂ ਨੇ ਕੀ ਕੀਤਾ ਹੈ। ਉਹ ਬਹੁਤ ਸਾਰੇ ਪ੍ਰਸ਼ਨ ਪੁੱਛਣੇ ਸ਼ੁਰੂ ਕਰਨਗੇ ਅਤੇ ਦੂਜਿਆਂ ਦੀਆਂ ਗੱਲਾਂ ਸੁਣਨ ਦਾ ਆਨੰਦ ਮਾਣਨਗੇ।

ਉਹਨਾਂ ਨੂੰ ਕੁਝ ਅਵਾਜ਼ਾਂ ਬੋਲਣੀਆਂ ਮੁਸ਼ਕਲ ਲਗਦੀਆਂ ਹਨ, ਪਰ ਜ਼ਿਆਦਾਤਰ ਬਾਲਗ ਵਿਅਕਤੀ ਉਹਨਾਂ ਦੀਆਂ ਗੱਲਾਂ ਸਮਝ ਲੈਣਗੇ। ਇਹ ਸਾਰੇ ਹੁਨਰ ਸਕੂਲ ਵਾਸਤੇ ਤਿਆਰ ਹੋਣ ਵਿੱਚ ਬੱਚਿਆਂ ਦੀ ਮਦਦ ਕਰਦੇ ਹਨ।

www.talkingpoint.org.ukਤੇ ਹੋਰ ਜਾਣਕਾਰੀ ਲਵੋ।



# ਉਪਯੋਗੀ ਸੁਝਾਅ

**ਆਪਣੇ ਬੱਚੇ ਦੇ ਨਾਲ ਗੱਲ ਕਰਨੀ ਅਤੇ ਖੇਡਣਾ ਉਹਨਾਂ ਲਈ ਚੰਗਾ ਹੁੰਦਾ ਹੈ ਅਤੇ ਤੁਹਾਡੇ ਲਈ ਜ਼ਿੰਦਗੀ ਨੂੰ ਆਸਾਨ ਬਣਾਉਂਦਾ ਹੈ। ਇਹ ਆਸਾਨ ਸੁਝਾਅ ਮਦਦ ਕਰਨਗੇ।**

### ਆਪਣੇ ਬੱਚੇ ਦਾ ਧਿਆਨ ਹਾਸਲ ਕਰੋ


ਆਪਣੇ ਬੱਚੇ ਦੇ ਸਾਹਮਣੇ ਖੜ੍ਹੇ ਹੋਵੋ ਜਾਂ ਉਸਦੇ ਨਾਲ ਬੈਠੋ। ਬੋਲਣਾ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਦਾ ਨਾਮ ਬੋਲੋ। ਕਿਸੇ ਅਜਿਹੀ ਚੀਜ਼ ਦੇ ਬਾਰੇ ਗੱਲ ਕਰੋ ਜੋ ਤੁਸੀਂ ਦੋਵੇਂ ਆਪਣੇ ਸਾਹਮਣੇ ਦੇਖ ਸਕਦੇ ਹੋਵੋ। ਇਸ ਨਾਲ ਉਹਨਾਂ ਨੂੰ ਇਹ ਸਿੱਖਣ ਵਿੱਚ ਮਦਦ ਮਿਲਦੀ ਹੈ ਕਿ ਸ਼ਬਦਾਂ ਦਾ ਕੀ ਅਰਥ ਹੁੰਦਾ ਹੈ।

### ਇਕੱਠੇ ਮਿਲ ਕੇ ਮਸਤੀ ਕਰੋ

ਹੱਥਾਂ ਨਾਲ ਇਸ਼ਾਰੇ ਕਰੋ, ਗਾਣੇ ਗਾਉ, ਸ਼ੋਰ ਕਰੋ ਅਤੇ ਮਜ਼ਾਕੀਆ ਚਿਹਰੇ ਬਣਾਉ। ਸ਼ਰਮਾਉ ਨਾ, ਥੋੜ੍ਹਾ ਜਿਹਾ ਮੂਰਖ ਬਣ ਕੇ ਆਪਣੇ ਬੱਚਿਆਂ ਦਾ ਧਿਆਨ ਖਿੱਚਣ ਅਤੇ ਉਹਨਾਂ ਨੂੰ ਹਸਾਉਣ ਵਿੱਚ ਮਦਦ ਮਿਲਦੀ ਹੈ।

### ਪ੍ਰਸ਼ਨ ਨਹੀਂ ਟਿੱਪਣੀਆਂ

ਬਹੁਤ ਸਾਰੇ ਪ੍ਰਸ਼ਨ ਪੁੱਛਣ ਨਾਲ ਇਸ ਤਰ੍ਹਾਂ ਲਗਦਾ ਹੈ ਕਿ ਇਹ ਟੈਸਟ ਹੈ। ਇਸ ਨੂੰ ਗੱਲਬਾਤ ਬਣਾਉ। ਇਸ ਬਾਰੇ ਟਿੱਪਣੀ ਕਰੋ ਕਿ ਉਹ ਕੀ ਕਰ ਰਹੇ ਹਨ ਅਤੇ ਕੀ ਹੋ ਰਿਹਾ ਹੈ।



## ਉਹਨਾਂ ਨੂੰ ਸੋਚਣ ਲਈ ਸਮਾਂ ਦਿਉ

ਬੱਚਿਆਂ ਨੂੰ ਸੁਣੀ ਗਈ ਗੱਲ ਬਾਰੇ ਸੋਚਣ, ਅਤੇ ਇਹ ਫ਼ੈਸਲਾ ਕਰਨ ਕਿ ਕੀ ਜਵਾਬ ਵਿੱਚ ਕੀ ਕਹਿਣਾ ਹੈ, ਵੱਡਿਆਂ ਨਾਲੋਂ ਵਧੇਰੇ ਸਮੇਂ ਦੀ ਲੋੜ ਹੁੰਦੀ ਹੈ। ਉਹਨਾਂ ਨੂੰ ਜਵਾਬ ਦੇਣ ਲਈ ਸਮਾਂ ਦਿਉ, ਅਤੇ ਉਡੀਕ ਕਰਦੇ ਸਮੇਂ ਉਹਨਾਂ ਵੱਲ ਦੇਖੋ।

## ਸਧਾਰਨ ਭਾਸ਼ਾ ਦੀ ਵਰਤੋਂ ਕਰੋ

ਆਪਣੇ ਵਾਕਾਂ ਨੂੰ ਛੋਟੇ ਰੱਖੋ। ਉਦਾਹਰਨ ਲਈ, 'ਰੋਟੀ ਦਾ ਸਮਾਂ' ਜਾਂ 'ਵਾਹ, ਤੁਸੀਂ ਟਾਵਰ ਬਣਾ ਰਹੇ ਹੋ'।

## ਤੁਸੀਂ ਜੋ ਕਹਿੰਦੇ ਹੋ ਉਸ ਨੂੰ ਦੁਹਰਾਉ

ਉਸੇ ਗੱਲ ਨੂੰ ਬਾਰ-ਬਾਰ ਕਹਿਣਾ ਚੰਗਾ ਹੁੰਦਾ ਹੈ। ਬੇਬੀਜ਼ ਅਤੇ ਛੋਟੇ ਬੱਚਿਆਂ ਨੂੰ ਸ਼ਬਦ ਅਤੇ ਵਾਕ ਸਮਝਣ ਲਈ ਅਤੇ ਨਵੇਂ ਸ਼ਬਦ ਸਿੱਖਣ ਲਈ ਇਹਨਾਂ ਨੂੰ ਕਈ ਵਾਰ ਸੁਣਨ ਦੀ ਲੋੜ ਹੁੰਦੀ ਹੈ।

## ਉਹਨਾਂ ਲਈ ਸੁਣਨਾ ਆਸਾਨ ਬਣਾਉ

ਸੰਗੀਤ, ਰੇਡੀਓ ਜਾਂ ਟੀਵੀ ਨੂੰ ਬੰਦ ਕਰਨ ਨਾਲ ਬੱਚਿਆਂ ਨੂੰ ਤੁਹਾਡੇ ਸ਼ਬਦਾਂ ਵੱਲ ਧਿਆਨ ਕੇਂਦ੍ਰਿਤ ਕਰਨ ਵਿੱਚ ਮਦਦ ਮਿਲਦੀ ਹੈ।

## ਉਹ ਜੋ ਕਹਿੰਦੇ ਹਨ ਉਸ ਨੂੰ ਅੱਗੇ ਵਧਾਉ

ਤੁਹਾਡਾ ਬੱਚਾ ਜੋ ਕੁਝ ਬੋਲਦਾ ਹੈ ਉਸ ਵਿੱਚ ਇੱਕ ਜਾਂ ਦੋ ਸ਼ਬਦ ਜੋੜਨ ਨਾਲ ਉਸਨੂੰ ਬੋਲਣ ਦੇ ਅਗਲੇ ਪੜਾਅ ਤੇ ਜਾਣ ਵਿੱਚ ਮਦਦ ਮਿਲਦੀ ਹੈ। ਇਸ ਲਈ, ਜੇ ਤਹਾਡਾ ਬੱਚਾ ਕਹਿੰਦਾ ਹੈ 'ਬਸ', ਤਾਂ ਤੁਸੀਂ ਕਹੋ, 'ਹਾਂ, ਵੱਡੀ ਬਸ'।

## ਆਪਣੀ ਘਰ ਦੀ ਭਾਸ਼ਾ ਵਿੱਚ ਬੋਲੋ

ਬੱਚਿਆਂ ਲਈ ਆਪਣੇ ਪਹਿਲੇ ਸ਼ਬਦ ਅਤੇ ਵਾਕ ਆਪਣੀ ਘਰ ਦੀ ਭਾਸ਼ਾ ਵਿੱਚ ਸਿੱਖਣੇ ਮਹੱਤਵਪੂਰਨ ਹੁੰਦਾ ਹੈ। ਤੁਹਾਡਾ ਬੱਚਾ ਇੰਗਲਿਸ਼ ਬਾਅਦ ਵਿੱਚ ਸਿੱਖੇਗਾ, ਨਰਸਰੀ ਵਿੱਚ ਅਤੇ ਸਕੂਲ ਵਿੱਚ।

## ਉਹਨਾਂ ਲਈ ਗੱਲ ਕਰਨਾ ਆਸਾਨ ਬਣਾਉ

ਡਮੀਆਂ ਬੋਲਣ ਵਿੱਚ ਰੁਕਾਵਟ ਪਾ ਸਕਦੀਆਂ ਹਨ। ਇਸ ਲਈ ਉਹਨਾਂ ਨੂੰ ਸਿਰਫ਼ ਸੋਣ ਦੇ ਸਮੇਂ ਲਈ ਰੱਖੋ। ਗੱਲ ਕਰਨ ਲਈ ਇਹਨਾਂ ਨੂੰ ਬਾਹਰ ਕੱਢ ਦਿਉ।

## ਉਹਨਾਂ ਨੂੰ ਸਹੀ ਤਰੀਕਾ ਦਿਖਾਉ

ਛੋਟੇ ਬੱਚੇ ਅਕਸਰ ਗਲਤੀਆਂ ਕਰ ਦਿੰਦੇ ਹਨ। ਉਹਨਾਂ ਨੂੰ ਸ਼ਬਦ ਨੂੰ ਸਹੀ ਤਰ੍ਹਾਂ ਨਾਲ ਦੁਹਰਾਉਣ ਲਈ ਕਹਿਣ ਦੀ ਬਜਾਏ, ਉਹਨਾਂ ਨੂੰ ਦਿਖਾਉ ਕਿ ਤੁਸੀਂ ਸਮਝਦੇ ਹੋ। ਸ਼ਬਦ ਜਾਂ ਵਾਕ ਨੂੰ ਬੱਚੇ ਲਈ ਦੁਬਾਰਾ ਸਹੀ ਤਰ੍ਹਾਂ ਨਾਲ ਬੋਲੋ। ਜੇ ਉਹ ਕਹਿੰਦੇ ਹਨ 'ਕੁੱਕੇ ਵੱਲ ਦੇਖੋ, ਤਾਂ ਤੁਸੀਂ ਕਹਿ ਸਕਦੇ ਹੋ 'ਹਾਂ, ਇਹ ਕੁੱਤਾ ਹੈ'।

## ਉਹ ਜੋ ਕੁਝ ਕਹਿੰਦੇ ਹਨ ਉਸਦੀ ਨਕਲ ਕਰੋ।

ਆਵਾਜ਼ਾਂ, ਸ਼ਬਦਾਂ ਅਤੇ ਵਾਕਾਂ ਨੂੰ ਦੁਹਰਾਉ। ਭਾਵੇਂ ਇਹ 'ਲਾ, ਲਾ' ਹੋਵੇ ਜਾਂ 'ਉਹ, ਤੁਹਾਨੂੰ ਕੇਲਾ ਪਸੰਦ ਆਇਆ?', ਇਸ ਨਾਲ ਦਿਖਦਾ ਹੈ ਕਿ ਤੁਹਾਨੂੰ ਦਿਲਚਸਪੀ ਹੈ ਅਤੇ ਆਵਾਜ਼ਾਂ ਅਤੇ ਸ਼ਬਦ ਮਹੱਤਵਪੂਰਨ ਹਨ।

# ਬੋਲਣਾ ਸਿੱਖਣਾ ਮੁਸ਼ਕਲ ਹੋ ਸਕਦਾ ਹੈ

**ਕੁਝ ਬੱਚਿਆਂ ਨੂੰ ਬੋਲਣਾ ਅਤੇ ਸੁਣਨਾ ਦੂਜਿਆਂ ਨਾਲੋਂ ਮੁਸ਼ਕਲ ਲਗਦਾ ਹੈ।**

ਉਹਨਾਂ ਨੂੰ ਸ਼ਾਇਦ ਸ਼ਬਦਾਂ ਅਤੇ ਵਾਕਾਂ ਦਾ ਅਰਥ ਸਮਝਣਾ ਮੁਸ਼ਕਲ ਲੱਗ ਸਕਦਾ ਹੈ। ਕੁਝ ਨੂੰ ਸਹੀ ਸ਼ਬਦ ਅਤੇ ਆਵਾਜ਼ਾਂ ਨੂੰ ਵਰਤਣਾ ਅਤੇ ਕ੍ਰਮ ਵਿੱਚ ਰੱਖਣਾ ਮੁਸ਼ਕਲ ਲਗਦਾ ਹੈ। ਇਹਨਾਂ ਬੱਚਿਆਂ ਨੂੰ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ।

ਜੇ ਤੁਹਾਨੂੰ ਆਪਣੇ ਬੱਚੇ ਬਾਰੇ ਚਿੰਤਾ ਹੈ, ਤਾਂ ਉਹਨਾਂ ਲੋਕਾਂ ਨਾਲ ਗੱਲ ਕਰੋ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ ਅਤੇ ਜੋ ਤੁਹਾਡੇ ਬੱਚੇ ਨੂੰ ਜਾਣਦੇ ਹਨ। ਇਸ ਕਿਤਾਬਚੇ ਵਿੱਚ ਪੜਾਅ ਤੁਹਾਡਾ ਮਾਰਗਦਰਸ਼ਨ ਕਰਨਗੇ ਕਿਉਂਕਿ ਉਹ ਜ਼ਿਆਦਾਤਰ ਬੱਚਿਆਂ ਲਈ ਸਹੀ ਹਨ। ਯਾਦ ਰੱਖੋ, ਹਰੇਕ ਬੱਚਾ ਵੱਖਰਾ ਹੁੰਦਾ ਹੈ।

ਜੇ ਤੁਹਾਨੂੰ ਅਜੇ ਵੀ ਚਿੰਤਾ ਹੈ, ਤਾਂ ਆਪਣੇ ਸਹਿਜ ਗਿਆਨ ਦੀ ਮੰਨੋ। ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰੋ ਜੋ ਤੁਹਾਡੀ ਮਦਦ ਕਰ ਸਕਦਾ ਹੈ, ਉਦਾਹਰਨ ਲਈ ਬੋਲੀ ਅਤੇ ਭਾਸ਼ਾ ਥੇਰਾਪਿਸਟ ਜਾਂ ਤੁਹਾਡਾ ਹੈਲਥ ਵਿਜ਼ਿਟਰ ਜਾਂ ਜੀਪੀ।

ਇਸ ਦੌਰਾਨ, ਸ਼ੁਰੂ ਕਰਨ ਵਿੱਚ ਮਦਦ ਲਈ, ਇਸ ਕਿਤਾਬਚੇ ਵਿੱਚ ਦਿੱਤੇ ਸੁਝਾਵਾਂ ਦੀ ਪਾਲਣਾ ਕਰੋ। ਵਧੇਰੇ ਜਾਣਕਾਰੀ ਲਈ www.talkingpoint.org.uk ਤੇ ਜਾਓ।

ਤੁਸੀਂ ਆਪਣੇ ਬੱਚੇ ਦੇ ਪਹਿਲੇ ਅਤੇ ਸਭ ਤੋਂ ਮਹੱਤਵਪੂਰਨ ਅਧਿਆਪਕ ਹੋ। ਤੁਸੀਂ ਮਿਲ ਕੇ ਜੋ ਕਰਦੇ ਹੋ ਉਸ ਨਾਲ ਸੱਚਮੁਚ ਮਦਦ ਮਿਲ ਸਕਦੀ ਹੈ।


**ਆਪਣਾ ਨੇੜਲਾ ਬੋਲੀ ਅਤੇ ਭਾਸ਼ਾ ਥੇਰਾਪਿਸਟ ਲੱਭਣ ਲਈ www.talkingpoint.org.uk/talkinglinks ਤੇ ਜਾਓ, ਜਾਂ ਆਪਣੇ ਸਥਾਨਕ ਬੱਚਿਆਂ ਦੇ ਕੇਂਦਰ ਤੇ ਪੁੱਛੋ।**

# ਉਪਯੋਗੀ
# I CAN ਸ੍ਰੋਤ

I CAN ਸਾਰੇ ਬੱਚਿਆਂ ਦੀ ਆਪਣੇ ਬੋਲਣ ਅਤੇ ਸੁਣਨ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਦੀ ਹੈ। ਸਾਡੇ ਕੋਲ ਕੁਝ ਬਹੁਤ ਵਧੀਆ DVDs ਅਤੇ ਐਕਟੀਵਿਟੀ ਕਿਤਾਬਾਂ ਹਨ ਜੋ ਤੁਹਾਨੂੰ ਸੱਚਮੁਚ ਉਪਯੋਗੀ ਲੱਗਣਗੀਆਂ:


## ਬਾ-ਬਾ ਕਰਦੇ ਬੇਬੀਜ਼

30 ਮਜ਼ੇਦਾਰ ਗਤੀਵਿਧੀਆਂ ਦਾ ਪੈਕ, ਜਿਨ੍ਹਾਂ ਦੀ ਜਨਮ ਤੋਂ ਲੈ ਕੇ 18 ਮਹੀਨਿਆਂ ਤਕ ਦੇ ਬੇਬੀਜ਼ ਦੀ ਬੋਲੀ, ਭਾਸ਼ਾ ਅਤੇ ਗੱਲਬਾਤ ਵਿੱਚ ਮਦਦ ਕਰਨ ਵਾਸਤੇ ਖੇਡਣ ਲਈ ਟਿਕਾਊ ਕਾਰਡਾਂ ਤੇ ਬਹੁਤ ਸੋਹਣੇ ਤਰੀਕੇ ਨਾਲ ਵਿਆਖਿਆ ਕੀਤੀ ਗਈ ਹੈ।





## ਛੋਟੇ ਬੱਚਿਆਂ ਦੀਆਂ ਗੱਲਾਂ

30 ਤੋਂ ਵੱਧ ਮਜ਼ੇਦਾਰ ਗਤੀਵਿਧੀਆਂ ਦਾ ਪੈਕ, ਜਿਨ੍ਹਾਂ ਦੀ 18 ਮਹੀਨਿਆਂ ਤੋਂ ਲੈ ਕੇ 3 ਸਾਲ ਤਕ ਦੇ ਬੱਚੇ ਦੀ ਬੋਲੀ, ਭਾਸ਼ਾ ਅਤੇ ਗੱਲਬਾਤ ਵਿੱਚ ਮਦਦ ਕਰਨ ਵਾਸਤੇ ਖੇਡਣ ਲਈ ਟਿਕਾਊ ਕਾਰਡਾਂ ਤੇ ਬਹੁਤ ਸੋਹਣੇ ਤਰੀਕੇ ਨਾਲ ਵਿਆਖਿਆ ਕੀਤੀ ਗਈ ਹੈ।




## ਬਕਬਕ ਮਹੱਤਵਪੂਰਨ ਹੁੰਦੀ ਹੈ

ਤੁਹਾਡੇ ਬੱਚੇ ਦੇ ਬੋਲਣ ਅਤੇ ਸੁਣਨ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਲਈ ਇੱਕ ਡੀਵੀਡੀ, ਅਤੇ ਇੱਕ ਕਾਰੋਕੇ ਸੈਸ਼ਨ ਜਿਸ ਦੇ ਨਾਲ-ਨਾਲ ਬੱਚੇ ਗਾਣਾ ਗਾ ਸਕਣ।




## ਤਿਆਰ, ਆਰਾਮ ਨਾਲ, ਗੱਲ ਕਰੋ

ਸ਼ਾਨਦਾਰ ਖੇਡਾਂ ਦੀ ਗਤੀਸ਼ੀਲ ਐਕਟੀਵਿਟੀ ਬੁੱਕ ਪ੍ਰੀ ਸਕੂਲ ਅਤੇ ਉਸ ਤੋਂ ਬਾਅਦ ਲਈ ਤਿਆਰ ਹੋਣ ਵਿੱਚ ਤੁਹਾਡੇ ਬੱਚੇ ਦੀ ਮਦਦ ਕਰਦੀ ਹੈ।




## ਗੱਲਬਾਤ ਦੀ ਕੁੱਕਬੁੱਕ

ਜਿਨ੍ਹਾਂ ਬੱਚਿਆਂ ਨੇ ਹੁਣੇ-ਹੁਣੇ ਸਕੂਲ ਸ਼ੁਰੂ ਕੀਤਾ ਹੈ ਉਹਨਾਂ ਲਈ ਵਿਚਾਰਾਂ ਅਤੇ ਚੀਜ਼ਾਂ ਨਾਲ ਭਰੀ ਇੱਕ ਐਕਟੀਵਿਟੀ ਕਿਤਾਬ।




**ਇਹਨਾਂ ਸ੍ਰੋਤਾਂ ਨੂੰ www.ican.org.uk/resources ਤੋਂ ਆਰਡਰ ਕਰੋ।**

**I CAN ਬੱਚਿਆਂ ਦੀ ਗੱਲਬਾਤ ਕਰਨ ਬਾਰੇ ਚੈਰਿਟੀ ਹੈ। ਅਸੀਂ ਸਾਰੇ ਬੱਚਿਆਂ ਦੀ ਆਪਣੇ ਬੋਲਣ ਅਤੇ ਸੁਣਨ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਾਂ।**

ਇਹ ਪਤਾ ਕਰਨ ਲਈ ਕਿ I CAN ਮਾਪਿਆਂ ਦੀ ਕਿਵੇਂ ਸਹਾਇਤਾ ਕਰਦਾ ਹੈ, **www.ican.org.uk/parents** ਤੇ ਜਾਉ।

'ਮਿਲ ਕੇ ਗੱਲ ਕਰੋ' ਕਿਤਾਬਾਂ ਦਾ ਆਰਡਰ ਕਰਨ ਲਈ **www.ican.org.uk/resources** ਤੇ ਜਾਉ।

ਸਾਡੇ ਨਿਯਮਿਤ ਸਮਾਚਾਰ-ਪੱਤਰ ਦੇ ਰਾਹੀਂ I CAN ਤੋਂ ਹੋਰ ਜਾਣਕਾਰੀ ਲੈਣ ਲਈ **www.ican.org.uk/register** ਤੇ ਨਾਮ ਦਰਜ ਕਰੋ।

ਜੇ ਤੁਸੀਂ ਬੱਚਿਆਂ ਦੀ ਮਦਦ ਕਰਨ ਵਿੱਚ I CAN ਦੀ ਮਦਦ ਕਰਨੀ ਚਾਹੋ, ਤਾਂ **www.ican.org.uk/supportus** ਤੇ ਜਾਉ।

I CAN
8 Wakley Street
London
EC1V 7QE
info@ican.org.uk

ਵਧੇਰੇ ਜਾਣਕਾਰੀ ਲਈ 0845 225 4073 / 020 7843 2552 ਤੇ ਕਾਲ ਕਰੋ।

© I CAN 2011. ਰਜਿਸਟਰਡ ਚੈਰਿਟੀ ਨੰਬਰ: 210031

Language: Punjabi
ISBN: 9781908173171